# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ੍ਹ

| ਟੈਲੀਫੋਨ | ਫੈਕਸ | ਈ-ਮੇਲ |
|---|---|---|
| 2621104 | 2624687 | ssapunjab_egs@yahoo.co.in |
| 2621106 | 2623206 | egspunjab@gmail.com |


ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)
ਪੰਜਾਬ।

ਮੀਮੋ ਨੰ: ਸਸਅ/ਡਿ.ਐਸ.ਪੀ.ਡੀ(ਕੇ)/ਓ.ਓ.ਐਸ.ਸੀ/2010-11/ **34261-34280**
ਮਿੱਤੀ ਚੰਡੀਗੜ੍ਹ: **27-04-2010**

**ਵਿਸ਼ਾ: - 7 ਤੋਂ 8 ਆਯੂ ਗੁੱਟ ਦੇ ਸਕੂਲੋਂ ਵਿਰਵੇਂ ਬੱਚਿਆਂ ਨੂੰ ਉਮਰ ਮੁਤਾਬਿਕ ਕਲਾਸ ਵਾਸਤੇ ਤਿਆਰ ਕਰਨ ਲਈ School Readiness Programme।**

ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ ਸਕੂਲੋਂ ਵਿਰਵੇ ਬੱਚਿਆਂ ਲਈ ਮੰਜੂਰ ਹੋਈ ਸਾਲ 2010-11 ਦੀ ਯੋਜਨਾ ਅਨੁਸਾਰ 6 ਸਾਲ ਦੇ ਬੱਚਿਆਂ ਨੂੰ ਸਿੱਧੇ ਹੀ ਰੈਗੂਲਰ ਸਕੂਲ ਵਿਚ ਪਹਿਲੀ ਜਮਾਤ ਵਿਚ ਦਾਖਲ ਕਰਵਾਇਆ ਜਾਣਾ ਹੈ ਅਤੇ 7 ਤੋਂ 8 ਸਾਲ ਦੇ ਬੱਚਿਆਂ ਨੂੰ School Readines Programme ਰਾਹੀਂ ਉਹਨਾ ਦੀ ਉਮਰ ਮੁਤਾਬਿਕ ਜਮਾਤ ਲਈ ਤਿਆਰ ਕਰਕੇ ਦੂਜੀ ਜਾਂ ਤੀਜੀ ਜਮਾਤ ਵਿਚ ਦਾਖਲ ਕਰਨਾ ਹੈ ਅਤੇ 8 ਤੋਂ 14 ਸਾਲ ਦੇ ਬੱਚਿਆਂ ਨੂੰ ਸਪੈਸ਼ਲ ਟੀਚਿੰਗ ਦੇ ਕੇ ਰੈਗੂਲਰ ਸਕੂਲ ਵਿਚ ਉਮਰ ਮੁਤਾਬਿਕ ਜਮਾਤ ਵਿਚ ਫਾਰਮਲ ਐਜੂਕੇਸ਼ਨ ਦੇਣੀ ਹੈ। School Readiness Programe ਦੀਆਂ ਵਿਸ਼ੇਸ਼ਤਾਵਾਂ ਅਤੇ ਨਿਰਧਾਰਤ ਦਿਸ਼ਾ ਨਿਰਦੇਸ਼ ਹੇਠ ਅਨੁਸਾਰ ਹਨ:-

1.0 School Readiness Programme ਸਾਲ 2010-11 ਲਈ 16702 ਬੱਚਿਆਂ ਲਈ 100/- ਰੁਪਏ ਪ੍ਰਤੀ ਬੱਚੇ ਦੇ ਹਿਸਾਬ ਨਾਲ ਕੁੱਲ 16.70 ਲੱਖ ਰੁਪਏ ਪ੍ਰਵਾਨ ਹੋਏ ਹਨ।

2.0 ਇਸ ਪ੍ਰੋਗ੍ਰਾਮ ਤਹਿਤ ਸ਼ਨਾਖਤ ਕੀਤੇ ਗਏ 7 ਤੋਂ 8 ਸਾਲ ਦੇ ਬੱਚਿਆਂ ਨੂੰ ਅਪ੍ਰੈਲ ਮਹੀਨੇ ਵਿਚ ਦਾਖਲ ਕਰਕੇ ਮਈ ਮਹੀਨੇ ਤੱਕ ਕੁੱਝ ਖਾਸ ਉਪਰਾਲੇ ਕਰਕੇ ਉਹਨਾ ਨੂੰ ਉਹਨਾ ਦੀ ਉਮਰ ਮੁਤਾਬਿਕ ਜਮਾਤ ਲਈ ਤਿਆਰ ਕੀਤਾ ਜਾਵੇਗਾ। ਇਹ ਉਪਰਾਲੇ ਹੇਠ ਅਨੁਸਾਰ ਹੋਣਗੇ:-

(i). ਆਕਰਸ਼ਕ ਲਰਨਿੰਗ ਮੈਟੀਰਿਅਲ ਜਿਵੇਂ:- Colour book, ਤਸਵੀਰਾਂ ਵਾਲੀ ਕਿਤਾਬ, Wax Crayons, Alphabet and Number Writing book, ਪੈਨਸਲ, Eraser, ਸ਼ਾਰਪਨਰ ਆਦਿ ਦੇਕੇ ਜਮਾਤ ਵਿਚ ਕੰਮ ਕਰਵਾਉਣਾ।

(ii) ਪਲੇ-ਵੇ ਤਰੀਕੇ ਰਾਹੀਂ ਪੰਜਾਬੀ, ਹਿੰਦੀ ਅਤੇ ਅਗ੍ਰੇਜ਼ੀ ਦੀਆਂ Rhymes ਸਖਾਉਣੀਆਂ।
(iii) ਬਲੈਕ ਬੋਰਡ ਜਾਂ ਕਾਪੀ ਵਿਚ ਡਰਾਇੰਗ ਕਰਵਾਉਣੀ।
(iv) ਗਾਣਾ-ਗਾਉਣ ਦੀ ਪ੍ਰਤਿਯੋਗਤਾ ਕਰਵਾਉਣੀ।
(v) ਸੱਭਿਆਚਾਰਕ ਪ੍ਰੋਗ੍ਰਾਮ ਆਯੋਜਿਤ ਕਰਨਾ।
(vi) ਖੇਡਾ ਕਰਵਾਉਣੀਆਂ।
(vii) ਬੱਚਿਆਂ ਨੂੰ ਆਪਸ ਵਿਚ ਅਤੇ ਅਧਿਆਪਕਾਂ ਨਾਲ ਮਿਲਣ-ਜੁਲਣ ਅਤੇ ਬੋਲਣ-ਚੱਲਣ ਦਾ ਬੇ-ਰੋਕ-ਟੋਕ ਪੂਰਾ ਮੌਕਾ ਦੇਣਾ।
(viii) ਬੱਚਿਆਂ ਦੇ ਮਾਪਿਆਂ ਨਾਲ ਮਈ ਮਹੀਨੇ ਦੇ ਅਖੀਰ ਵਿਚ ਇੱਕ ਮੀਟਿੰਗ ਕਰਕੇ ਬੱਚਿਆਂ ਦੀ ਪ੍ਰਾਪਤੀਆਂ ਵਾਰੇ ਉਹਨਾ ਨੂੰ ਜਾਣੂ ਕਰਵਾਉਣਾ।

3.0 ਇਹ ਸਾਰੀ ਗਤੀਵਿਧੀਆਂ ਸਕੂਲ ਦੇ ਰੈਗੂਲਰ ਅਧਿਆਪਕ ਹੀ ਕਰਵਾਉਣਗੇ। ਕੋਈ ਵਾਧੂ ਵਲੰਟੀਅਰ ਨਹੀ ਦਿੱਤਾ ਜਾਵੇਗਾ।

4.0 ਬੱਚਿਆਂ ਨੂੰ ਦਿੱਤੇ ਜਾਣ ਵਾਲੇ ਆਕਰਸ਼ਕ ਮੈਟੀਰੀਅਲ ਦੀ ਸੂਚੀ ਹੇਠ ਅਨੁਸਾਰ ਹੈ:-

| **ਲੜੀ ਨੰ:** | **ਮੈਟਿਰੀਅਲ ਦਾ ਨਾਂ** | **ਮਾਤਰਾ** |
|---|---|---|
| 1. | Colour book | 2 |
| 2. | ਤਸਵੀਰਾਂ ਵਾਲੀ ਕਿਤਾਬ | 1 |
| 3. | Wax Crayons | 1 |
| 4. | Alphabet and Number Writing book | 1 |
| 5. | ਪੈਨਸਲ | 1 |
| 6. | ਰਬੜ | 1 |
| 7. | ਸ਼ਾਰਪਨਰ | 1 |

5.0 ਜ਼ਿਲ੍ਹਾ ਵਾਰ ਸ਼ਨਾਖਤ ਹੋਏ 7 ਤੋਂ 8 ਸਾਲ ਦੇ ਬੱਚਿਆਂ ਦੀ ਗਿਣਤੀ ਅਨੁਲਗ `**ੳ**' ਅਨੁਸਾਰ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ ।

6.0 ਇਸ ਪ੍ਰੋਗ੍ਰਾਮ ਤੇ ਆਉਣ ਵਾਲਾ ਸਮੂਚਾ ਖਰਚਾ ਪਸਵਕ ਪੱਧਰ ਤੇ ਕੀਤਾ ਜਾਵੇਗਾ।

7.0 School Readiness Programme ਤਹਿਤ ਕਵਰ ਕੀਤੇ ਬੱਚਿਆਂ ਨੂੰ ਗਰਮੀ ਦੀਆਂ ਛੁਟੀਆਂ ਤੋਂ ਬਾਅਦ ਜੁਲਾਈ ਮਹੀਨੇ ਤੋਂ ਅਗੇ ਨਾਰਮਲ ਜਮਾਤ ਵਿਚ ਹੀ ਪੜ੍ਹਾਇਆ ਜਾਵੇਗਾ।

ਉਪਰੋਕਤ ਅਨੁਸਾਰ ਦਿਸ਼ਾ ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕਰਨਾ ਯਕੀਨੀ ਬਣਾਈ ਜਾਵੇ।

**-ਸਹੀ-**
**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਪੰਜਾਬ**

ਅਨੁਲਗ `ੳ'

| ਲੜੀ ਨੰ: | ਜ਼ਿਲ੍ਹੇ ਦਾ ਨਾਂ | 7 ਤੋਂ 8 ਸਾਲ ਦੇ School Readiness ਵਾਲੇ ਬੱਚਿਆਂ ਦਾ ਟੀਚਾ |
|---|---|---|
| 1 | ਅੰਮ੍ਰਿਤਸਰ | 1713 |
| 2 | ਬਰਨਾਲਾ | 317 |
| 3 | ਬਠਿੰਡਾ | 931 |
| 4 | ਫਰੀਦਕੋਟ | 585 |
| 5 | ਫਿਰੋਜ਼ਪੁਰ | 1386 |
| 6 | ਫਹਿਤਗੜ ਸਾਹਿਬ | 465 |
| 7 | ਗੁਰਦਾਸਪੁਰ | 1227 |
| 8 | ਹੁਸ਼ਿਆਰਪੁਰ | 1030 |
| 9 | ਜਲੰਧਰ | 993 |
| 10 | ਕਪੂਰਥਲਾ | 360 |
| 11 | ਲੁਧਿਆਣਾ | 2996 |
| 12 | ਮਾਨਸਾ | 625 |
| 13 | ਮੋਗਾ | 359 |
| 14 | ਮੋਹਾਲੀ | 665 |
| 15 | ਮੁਕਤਸਰ | 771 |
| 16 | ਨਵਾਂ ਸ਼ਹਿਰ | 173 |
| 17 | ਪਟਿਆਲਾ | 740 |
| 18 | ਰੂਪਨਗਰ | 219 |
| 19 | ਸੰਗਰੂਰ | 710 |
| 20 | ਤਰਨ ਤਾਰਨ | 437 |
| **ਕੁੱਲ ਜੋੜ** | | **16702** |